**BCM SCHOOL,BASANT AVENUE, DUGRI ROAD, LUDHIANA**

**May Assignment - Answer key**

**CLASS –XII**

**SUBJECT -PUNJABI (104)**

| | |
|---|---|
| **1.** | **ਹੇਠਾਂ ਦਿੱਤੇ ਵਾਕਾਂ ਵਿੱਚੋਂ ਕਿਸੇ ਤਿੰਨ ਦਾ ਦਿੱਤੇ ਨਿਰਦੇਸ਼ਾਂ ਦੇ ਅਨੁਸਾਰ ਵਾਕ ਵਟਾਂਦਰਾ ਕਰੋ-**<br>**1.**ਮੈਂ ਤੁਹਾਡੀ ਮਦਦ ਕਰਨ ਤੋਂ ਇਨਕਾਰ ਨਹੀਂ ਕਰਾਂਗਾ। ( ਹਾਂ ਵਾਚਕ )<br>-ਮੈਂ ਤੁਹਾਡੀ ਮਦਦ ਜਰੂਰ ਕਰਾਂਗਾ ।<br>**2.** ਉਹ ਬੜਾ ਬੇਈਮਾਨ ਹੈ ਅਤੇ ਤੁਹਾਨੂੰ ਉਸ ਉੱਤੇ ਇਤਬਾਰ ਨਹੀਂ ਕਰਨਾ ਚਾਹੀਦਾ। (ਸਧਾਰਨ ਵਾਕ )<br>**-ਤੁਹਾਨੂੰ ਉਸ ਬੇਈਮਾਨ ਉੱਤੇ ਇਤਬਾਰ ਨਹੀਂ ਕਰਨਾ ਚਾਹੀਦਾ।**<br>**3.** ਉਹ ਮਿਹਨਤ ਕਰਨ ਕਰਕੇ ਪਾਸ ਹੋ ਗਈ ਹੈ। (ਮਿਸ਼ਰਤ ਵਾਕ)<br>-ਉਹ ਪਾਸ ਹੋ ਗਈ ਕਿਉਂਕਿ ਉਸਨੇ ਮਿਹਨਤ ਕੀਤੀ ਹੈ।<br>**4.** ਮੈਂ ਸੱਪ ਨੂੰ ਮਾਰਿਆ । (ਕਰਮਣੀ ਵਾਚ )<br>-ਸੱਪ ਨੂੰ ਮੇਰੇ ਦੁਆਰਾ ਮਾਰਿਆ ਗਿਆ। |
| **2.** | ਹੇਠਾਂ ਦਿੱਤੀ ਕਾਵਿ -ਟੁਕੜੀ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ-<br>ਬਰਫ਼ਾਂ, ਮੀਂਹ, ਧੁੱਪਾਂ ਤੇ ਬੱਦਲ, ਰੁੱਤਾਂ ਮੇਵੇ ਪਯਾਰੇ ।<br>ਅਰਸ਼ੀ ਨਾਲ ਨਜ਼ਾਰੇ ਆਏ, ਉਸ ਮੁੱਠੀ ਵਿੱਚ ਸਾਰੇ।<br>ਸੁਹਣੀ ਨੇ ਅਸਮਾਨ ਖੜੋ ਕੇ, ਧਰਤੀ ਵੱਲ ਤਕਾ ਕੇ।<br>ਇਹ ਮੁੱਠੀ ਖੋਲ੍ਹੀ ਤੇ ਸੁੱਟਿਆ, ਸਭ ਕੁਝ ਹੇਠ ਤਕਾ ਕੇ।<br>-ਪ੍ਰਸੰਗ-ਇਹ ਕਾਵਿ ਸਤਰਾਂ ਸਾਡੀ ਪੰਜਾਬੀ ਦੀ ਪਾਠ ਪੁਸਤਕ ਲਾਜ਼ਮੀ ਪੰਜਾਬੀ ਭਾਗ 12 ਵਿੱਚ ਦਰਜ ਭਾਈ ਵੀਰ ਸਿੰਘ ਜੀ ਦੀ ਲਿਖੀ ਕਵਿਤਾ ਟੁਕੜੀ ਜੱਗ ਤੋਂ ਨਿਆਰੀ ਵਿੱਚੋਂ ਲਈਆਂ ਗਈਆਂ ਹਨ ਇਸ ਕਵਿਤਾ ਵਿੱਚ ਭਾਈ ਸਾਹਿਬ ਨੇ ਕਸ਼ਮੀਰ ਦੀ ਸੁੰਦਰਤਾ ਦਾ ਵਰਣਨ ਕੀਤਾ ਹੈ।<br>-ਵਿਦਿਆਰਥੀ ਇਸ ਦੀ ਵਿਆਖਿਆ ਆਪਣੀ ਸਮਝ ਅਨੁਸਾਰ ਖੁਦ ਕਰਨਗੇ। |
| **3.** | **ਬਹੁਵਿਕਲਪੀ ਪ੍ਰਸ਼ਨ** |
| **1.** | ਬਾਗਾਂ ਵਾਲਾ ਸ਼ਹਿਰ ਤੋਂ ਕਿੰਨੀ ਦੂਰ ਸੀ ?<br>1. 11 ਮੀਲ 2. ਚਾਰ ਕੋਹ 3.ਦੋ ਕੋਹ 4. ਨੌ ਮੀਲ<br>-ਨੌ ਮੀਲ |
| **2.** | ਚਸ਼ਮੇ, ਨਾਲੇ, ਨਦੀਆਂ, ਝੀਲਾਂ ਨਿੱਕੇ ਜਿਵੇਂ ਸਮੁੰਦਰ<br>ਇਸ ਸਤਰ ਦੇ ਵਿੱਚ ਕਵੀ ਨੇ ਨਿੱਕੇ ਸਮੁੰਦਰ ਕਿਸ ਚੀਜ਼ ਨੂੰ ਕਿਹਾ ਹੈ? |

| | |
|---|---|
| | 1. ਝੀਲਾਂ ਨੂੰ 2. ਚਸ਼ਮਿਆਂ ਨੂੰ<br>3. ਨਦੀਆਂ ਤੇ ਨਾਲਿਆਂ ਨੂੰ 4.ਉਪਰੋਕਤ ਸਭ ਨੂੰ<br>-ਉਪਰੋਕਤ ਸਭ ਨੂੰ |
| 4. | **ਹੇਠਾਂ ਦਿੱਤੇ ਪ੍ਰਸ਼ਨਾਂ ਵਿੱਚੋਂ ਕਿਸੇ ਦੋ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਦਿਓ -**<br>1.ਕਹਾਣੀ ਦੇ ਅੰਤ ਵਿੱਚ ਪ੍ਰੋਫੈਸਰ ਨੂੰ ਤਸੱਲੀ ਕਿਉਂ ਹੋਈ?<br>ਉੱਤਰ- ਸ਼ੁਰੂਆਤ ਵਿੱਚ ਲਾਲ ਚੀਰੇ ਵਾਲਾ ਪੱਥਰ ਦਿਲ ਜਾਪਣਾ, ਬੁੱਢੀ ਮਾਈ ਦੀ ਮਦਦ ਕੀਤੇ ਬਿਨਾਂ ਅੱਗੇ ਲੰਘ ਜਾਣਾ, ਫਿਰ ਆਪਣੀ ਗਲਤੀ ਸੁਧਾਰਨਾ, ਕਹਾਣੀ ਦੇ ਅੰਤ ਵਿੱਚ ਲਾਲ ਚੀਰੇ ਵਾਲੇ ਦੁਆਰਾ ਬੁੱਢੀ ਮਾਈ ਦੀ ਮਦਦ ਕਰਨਾ, ਪ੍ਰੋਫੈਸਰ ਨੂੰ ਇਸ ਤਰ੍ਹਾਂ ਜਾਪਣਾ ਕਿ ਜਿਹੜਾ ਕੰਮ ਉਹ ਨਹੀਂ ਕਰ ਸਕਿਆ ਉਹ ਲਾਲ ਚੀਰੇ ਵਾਲੇ ਨੇ ਕਰ ਦਿਖਾਇਆ ਅਤੇ ਉਸਨੂੰ ਤਸੱਲੀ ਹੋਈ।<br>2. ਬੁੱਢੀ ਮਾਈ ਦੀ ਜੀਵਨ ਸਥਿਤੀ ਕਿਹੋ ਜਿਹੀ ਸੀ?<br>ਉੱਤਰ -ਬੇਸਹਾਰਾ ,ਗਰੀਬ ,ਸਹੇੜੇ ਪਿੰਡ ਵਿੱਚ ਇੱਕ ਝੁੱਗੀ ਵਿੱਚ ਰਹਿਣਾ ,ਕੋਈ ਅੰਗ ਸਾਕ ਨਾ ਹੋਣਾ,<br>3. ਕਹਾਣੀ ਵਿੱਚ ਪ੍ਰੋਫੈਸਰ ਨੂੰ ਆਪਣਾ ਪੁੱਤਰ ਕਿਉਂ ਯਾਦ ਆਉਂਦਾ ਹੈ?<br>ਉੱਤਰ - ਉਸ ਦੁਆਰਾ ਰਸ ਮੰਗਣਾ ਅਤੇ ਪ੍ਰੋਫੈਸਰ ਦੁਆਰਾ ਉਸ ਦੀ ਮੰਗ ਪੂਰੀ ਨਾ ਕੀਤੀ ਜਾ ਸਕਣਾ। |
| 5. | ਹੇਠਾਂ ਦਿੱਤੇ ਪ੍ਰਸ਼ਨ ਦਾ ਉੱਤਰ 60 ਸ਼ਬਦਾਂ ਵਿੱਚ ਲਿਖੋ –<br>ਕਹਾਣੀ ਦੇ ਮੁੱਖ ਪਾਤਰ ਪ੍ਰੋਫੈਸਰ ਐੱਮ . ਐੱਲ .ਮਲਹੋਤਰਾ ਦਾ ਪਾਤਰ ਚਿਤਰਣ ਲਿਖੋ ।<br>-ਵਿਦਿਆਰਥੀ ਪ੍ਰੋਫੈਸਰ ਦਾ ਪਾਤਰ ਚਿਤਰਣ ਆਪਣੀ ਸਮਝਦੇ ਅਨੁਸਾਰ ਕਰਨਗੇ। |
| 6. | ਹੇਠਾਂ ਦਿੱਤੇ ਅਖਾਣਾਂ ਦੇ ਇਸ ਢੰਗ ਨਾਲ ਵਾਕ ਬਣਾਓ ਕਿ ਉਹਨਾਂ ਦੇ ਅਰਥ ਸਪਸ਼ਟ ਹੋ ਜਾਣ-<br>1.ਸਵੈ ਭਰੋਸਾ ਵੱਡਾ ਤੋਸਾ<br>2.ਆਪਣੇ ਹੱਥੀਂ ਆਪਣਾ ਆਪੇ ਹੀ ਕਾਜ ਸਵਾਰੀਐ<br>3.ਅੱਗੇ ਸੱਪ ਤੇ ਪਿੱਛੇ ਸ਼ੀਂਹ<br>4. ਅਸ਼ਰਫੀਆਂ ਦੀ ਲੁੱਟ ਤੇ ਕੋਲਿਆਂ ਤੇ ਮੋਹਰਾਂ<br>-ਵਿਦਿਆਰਥੀਆਂ ਦੁਆਰਾ ਆਪਣੀ ਸਮਝ ਦੇ ਅਨੁਸਾਰ ਅਖਾਣਾਂ ਨੂੰ ਵਾਕਾਂ ਵਿੱਚ ਵਰਤਿਆ ਜਾਵੇਗਾ |
| 7. | ਹੇਠਾਂ ਦਿੱਤੇ ਵਿਸ਼ੇ ਤੇ 100-150 ਸ਼ਬਦਾਂ ਵਿੱਚ ਪੈਰਾ ਰਚਨਾ ਲਿਖੋ –<br>ਨਿਮਰਤਾ<br>ਵਿਦਿਆਰਥੀ ਨਿਮਰਤਾ ਵਿਸ਼ੇ ਦੇ ਬਾਰੇ ਆਪਣੀ ਸੂਝ -ਬੂਝ ਦੇ ਨਾਲ ਲਿਖਣਗੇ । |